ਪੰਜਾਬ ਸਕੂਲ ਸਿੱਖਿਆ ਬੋਰਡ
(ਅਕਾਦਮਿਕ ਸ਼ਾਖਾ)

ਵਿਸ਼ਾ:- 11ਵੀਂ ਅਤੇ 12ਵੀਂ ਸ਼੍ਰੇਣੀਆਂ ਲਈ ਵਿਸ਼ਾ ਅਤੇ ਸਟਰੀਮ ਬਦਲਣ ਸਬੰਧੀ ਵਿਨਿਯਮਾਂ ਵਿੱਚ ਸੋਧ ਬਾਰੇ।

ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮਿਤੀ 18.08.2026 ਨੂੰ ਹੋਈ ਬੋਰਡ ਮੀਟਿੰਗ ਵਿੱਚ ਪਾਸ ਮੱਦ ਨੰ: 7 ਦੀ ਲੋਅ ਵਿੱਚ 11ਵੀਂ ਅਤੇ 12ਵੀਂ ਸ਼੍ਰੇਣੀਆਂ ਵਿੱਚ ਵਿਸ਼ਾ ਅਤੇ ਸਟਰੀਮ ਬਦਲਣ ਸਬੰਧੀ ਸੀਨੀਅਰ ਸੈਕੰਡਰੀ ਪ੍ਰੀਖਿਆ ਵਿਨਿਯਮਾਂ ਵਿੱਚ ਹੇਠ ਦਰਜ ਅਨੁਸਾਰ ਸੋਧ ਕੀਤੀ ਜਾਂਦੀ ਹੈ:-

i. 11ਵੀਂ ਸ਼੍ਰੇਣੀ ਦੀ ਪ੍ਰੀਖਿਆ ਪਾਸ ਕਰਨ ਪਿੱਛੋਂ ਕੋਈ ਵੀ ਉਮੀਦਵਾਰ ਉਸੇ ਹੀ ਗਰੁੱਪ ਵਿੱਚ ਵਿਸ਼ੇ ਨਹੀਂ ਬਦਲ ਸਕੇਗਾ। ਪ੍ਰੀਖਿਆਰਥੀ ਵੱਲੋਂ ਲੋੜੀਂਦਾ ਵਿਸ਼ਾ ਵਾਧੂ ਵਿਸ਼ੇ ਵਜੋਂ ਲਿਆ ਜਾ ਸਕਦਾ ਹੈ।

ii. 11ਵੀਂ ਜਮਾਤ ਪਾਸ ਕਰਨ ਪਿੱਛੋਂ ਉਮੀਦਵਾਰ 12ਵੀਂ ਸ਼੍ਰੇਣੀ ਵਿੱਚ ਆਪਣਾ ਵਿਸ਼ਾ/ਸਟਰੀਮ ਨਹੀਂ ਬਦਲ ਸਕਦਾ।

iii. ਕੇਵਲ 11ਵੀਂ ਸ਼੍ਰੇਣੀ ਵਿੱਚ ਪੜ੍ਹਦੇ ਵਿਦਿਆਰਥੀ 30 ਸਤੰਬਰ 2026 ਤੱਕ ਆਪਣੀ ਸੰਸਥਾ ਦੇ ਮੁਖੀ ਦੀ ਇਜ਼ਾਜਤ ਨਾਲ ਆਪਣਾ ਵਿਸ਼ਾ/ਗਰੁੱਪ/ਸਟਰੀਮ ਬਦਲਣ ਦਾ ਸਮਾਂ 30.09.2026 ਤੱਕ ਦਾ ਦਿੱਤਾ ਗਿਆ ਸੀ। ਵਿਦਿਆਰਥੀਆਂ ਦੇ ਭਵਿੱਖ ਨੂੰ ਮੁੱਖ ਰੱਖਦੇ ਹੋਏ ਇਸ ਨੂੰ ਵਧਾ ਕੇ 30 ਅਕਤੂਬਰ 2026 ਤੱਕ ਕੀਤਾ ਗਿਆ ਹੈ।

ਵਿਸ਼ੇਸ਼ ਨੋਟ:- * 12ਵੀਂ ਸ਼੍ਰੇਣੀ ਵਿਚਲੇ ਸੋਧੇ ਵਿਨਿਯਮਾਂ ਨੂੰ ਸੈਸ਼ਨ 2027-28 ਤੋਂ ਲਾਗੂ ਕੀਤਾ ਜਾਂਦਾ ਹੈ।

21/10/2026

ਉੱਪ-ਸਕੱਤਰ(ਅਕਾਦਮਿਕ)
ਪੰਜਾਬ ਸਕੂਲ ਸਿੱਖਿਆ ਬੋਰਡ

ਉਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਡਾਇਰੈਟਰ, ਸਕੂਲ ਸਿੱਖਿਆ ਵਿਭਾਗ(ਸੈ.ਸਿ), ਪੰਜਾਬ।
2. ਡਾਇਰੈਟਰ, ਸਕੂਲ ਐਸ.ਸੀ.ਈ.ਆਰ.ਟੀ, ਪੰਜਾਬ।
3. ਕੰਟਰੋਲਰ ਪ੍ਰੀਖਿਆਵਾਂ(ਪਸਸਬ)।
4. ਸ਼ਾਖਾ ਮੁੱਖੀ(ਪ੍ਰੀਖਿਆ ਬਾਰ੍ਹਵੀਂ)।
5. ਰਜਿਸਟ੍ਰੇਸ਼ਨ ਸ਼ਾਖਾ।
6. ਟੈਕਨੀਕਲ ਸ਼ਾਖਾ।
7. ਐਫੀਲੀਏਸ਼ਨ ਸ਼ਾਖਾ।